# ਪੰਜਾਬ ਸਰਕਾਰ, ਸਿੱਖਿਆ ਵਿਭਾਗ
## ਦਫ਼ਤਰ ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਐਸ.ਸੀ.ਓ. 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਪੰਜਾਬ।

ਮੀਮੋ ਨੰ: 4/25-DGSE/RMSA/3302 -3321
ਮਿਤੀ, ਚੰਡੀਗੜ੍ਹ : 25.01.2010

**ਵਿਸ਼ਾ:** **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ ਤਹਿਤ ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਵਾਸਤੇ 'ਸਕੂਲ ਮੈਨੇਜਮੈਂਟ ਕਮੇਟੀ' ਦੀ ਰਚਨਾ ਕਰਨ ਲਈ ਗਾਈਡ-ਲਾਇਨਜ਼।**

1.0 ਆਪ ਸਭ ਦਾ ਧਿਆਨ ਮਿਤੀ 13-01-2010 ਦੀ ਰੀਵਿਊ ਮੀਟਿੰਗ ਦੀ ਕਾਰਗੁਜਾਰੀ ਵੱਲ ਦਿਵਾਉਂਦਿਆਂ ਹੋਇਆਂ ਉਚੇਚੇ ਤੌਰ ਤੇ ਇਹ ਲਿਖਿਆ ਜਾਂਦਾ ਹੈ ਕਿ "**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ**" ਤਹਿਤ ਹਰੇਕ ਸਰਕਾਰੀ ਹਾਈ/ਸੈਕੰਡਰੀ ਸਕੂਲ ਵਿੱਚ '**ਸਕੂਲ ਮੈਨੇਜਮੈਂਟ ਕਮੇਟੀ**' ਦੀ ਸਥਾਪਨਾ ਤੁਰੰਤ ਕੀਤੀ ਜਾਵੇ।

2.0 **ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਲਈ 'ਸਕੂਲ ਮੈਨੇਜਮੈਂਟ ਕਮੇਟੀ' ਦੀ ਬਣਤਰ ਹੇਠ ਅਨੁਸਾਰ ਹੋਵੇਗੀ:**

**Exofficio Members:**

- **ਸਕੂਲ ਹੈੱਡਮਾਸਟਰ/ ਪ੍ਰਿੰਸੀਪਲ : ਮੈਂਬਰ ਸੱਕਤਰ**
- **ਇੱਕ ਸਾਇੰਸ ਅਧਿਆਪਕ : ਮੈਂਬਰ**
- **ਇੱਕ ਸਮਾਜਿਕ ਸਿੱਖਿਆ ਅਧਿਆਪਕ : ਮੈਂਬਰ**
- **ਇੱਕ ਮੈਥ ਅਧਿਆਪਕ : ਮੈਂਬਰ**

**Non-official Members:**

- **ਲੋਕਲ ਪਿੰਡ ਦੇ ਦੋ ਪੰਚਾਇਤ ਮੈਂਬਰ : ਮੈਂਬਰ**
  (ਘੱਟੋ-ਘੱਟ ਇੱਕ ਫੀਮੇਲ)
- **ਲਾਗਲੇ/ ਫੀਡਰ ਪਿੰਡਾਂ ਤੋਂ ਇੱਕ-ਇੱਕ ਪੰਚਾਇਤ ਮੈਂਬਰ: ਮੈਂਬਰ**
- **ਦੋ ਪੀ.ਟੀ.ਏ. ਮੈਂਬਰ : ਮੈਂਬਰ**
  (ਘੱਟੋ-ਘੱਟ ਇੱਕ ਫੀਮੇਲ)
- **ਸਾਬਕਾ ਫੌਜੀ : ਮੈਂਬਰ**
- **ਇੱਕ ਰਿਟਾਇਰਡ ਅਧਿਆਪਕ : ਮੈਂਬਰ**
- **ਦਾਨੀ ਪੁਰਸ਼ : ਮੈਂਬਰ**

## ਵਿਸ਼ੇਸ਼ ਨੋਟ:-

**2.1)** ਕਮੇਟੀ ਦਾ ਚੇਅਰਮੈਨ, ਸਾਰੇ ਨਾੱਨ-ਓਫੀਸ਼ੀਅਲ ਮੈਂਬਰਾਂ (ਮੈਂਬਰ ਸੱਕਤਰ ਅਤੇ ਅਧਿਆਪਕਾਂ ਨੂੰ ਛੱਡ ਕੇ) ਦੀ ਸਹਿਮਤੀ/ਵੋਟ ਰਾਹੀਂ ਚੁਣਿਆ ਜਾਵੇਗਾ।

**2.2)** ਪੰਚਾਇਤ ਮੈਂਬਰਜ਼ ਦੀ ਨਾਮਜ਼ਦਗੀ ਪੰਚਾਇਤ ਵਲੋਂ ਮਤਾ ਪਾਸ ਕਰਕੇ ਸਕੂਲ ਮੁੱਖੀ ਨੂੰ ਭੇਜੀ ਜਾਵੇਗੀ।

**2.3)** ਪੀ.ਟੀ.ਏ ਮੈਂਬਰਜ਼ ਦੀ ਨਾਮਜ਼ਦਗੀ ਸਕੂਲ ਦੀ ਪੀ.ਟੀ.ਏ. ਵੱਲੋਂ ਆਪਸੀ ਮਤਾ ਪਾਸ ਕਰਕੇ ਕੀਤੀ ਜਾਵੇਗੀ।

**2.4)** ਸਾਬਕਾ ਫੌਜੀ (with highest ranking/ with greater length of service) ਅਤੇ ਦਾਨੀ ਸੱਜਣ (with highest contribution for school) ਦੀ ਨਾਮਜ਼ਦਗੀ ਸਕੂਲ ਮੁੱਖੀ ਵਲੋਂ ਕੀਤੀ ਜਾਵੇਗੀ।

**2.5)** ਸਕੂਲ ਵਿੱਚ ਇੱਕ ਤੋਂ ਵੱਧ ਵਿਸ਼ਾ-ਅਧਿਆਪਕ ਹੋਣ ਦੀ ਸੂਰਤ ਵਿੱਚ ਉਸ ਸਕੂਲ ਦੇ ਸੀਨੀਅਰ ਅਧਿਆਪਕ ਨੂੰ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਵਜੋਂ ਲਿਆ ਜਾਵੇਗਾ।

**2.6)** ਸਕੂਲ ਮੈਂਨੇਜਮੈਂਟ ਕਮੇਟੀ ਦੀ ਤਜਵੀਜ਼ ਸਕੂਲ ਮੁੱਖੀ ਵੱਲੋਂ ਤਿਆਰ ਕਰਕੇ ਜ਼ਿ.ਸਿ.ਅ (ਸੈ.ਸਿ) ਦੀ ਪ੍ਰਵਾਨਗੀ ਲਈ ਭੇਜੀ ਜਾਵੇਗੀ।

**2.7)** ਜਿ.ਸਿ.ਅ (ਸੈ.ਸਿ) ਸਕੂਲ ਮੈਨੇਜਮੈਂਟ ਕਮੇਟੀ ਦੀ ਤਜਵੀਜ਼ ਨੂੰ ਪ੍ਰਵਾਨ ਕਰਕੇ ਸਕੂਲ ਮੁੱਖੀ ਨੂੰ ਵਾਪਸ ਭੇਜਣਗੇ।

**2.8)** ਸਕੂਲ ਮੈਂਨੇਜਮੈਂਟ ਕਮੇਟੀ ਦਾ ਕਾਰਜਕਾਲ ਜ਼ਿ.ਸਿ.ਅ(ਸੈ.ਸਿ) ਦੀ ਪ੍ਰਵਾਨਗੀ ਦੀ ਮਿਤੀ ਤੋਂ ਤਿੰਨ ਸਾਲ ਤੱਕ ਦਾ ਹੋਵੇਗਾ।

**2.9)** ਪੀ.ਟੀ.ਏ. ਮੈਂਬਰਜ਼ ਦੀ ਮੈਂਬਰਸ਼ਿਪ ਉਦੋਂ ਤੱਕ ਹੀ ਸਕੂਲ ਮੈਨੇਜਮੈਂਟ ਕਮੇਟੀ ਵਿੱਚ ਰਹੇਗੀ ਜਦੋਂ ਤੱਕ ਉਹ ਪੀ.ਟੀ.ਏ ਦੇ ਮੈਂਬਰ ਹੋਣਗੇ।

**2.10)** ਇਸੇ ਤਰ੍ਹਾਂ ਪੰਚਾਇਤ ਮੈਂਬਰਜ਼ ਵੀ ਉਨ੍ਹੇਂ ਸਮੇਂ ਤੱਕ ਹੀ ਇਸ ਕਮੇਟੀ ਦੇ ਮੈਂਬਰ ਰਹਿਣਗੇ ਜਦੋਂ ਤੱਕ ਉਹ ਪੰਚਾਇਤ ਦਾ ਕਾਰਜਕਾਲ ਚਲੇਗਾ।

**2.11)** ਨਵੀਂ ਪੰਚਾਇਤ ਬਣਨ ਦੇ ਨਾਲ ਪੰਚਾਇਤ ਮੈਂਬਰਜ਼ ਦੀਆਂ ਨਵੀਆਂ ਨਾਮਜ਼ਦਗੀਆਂ ਕੀਤੀਆਂ ਜਾਣਗੀਆਂ।

**2.12)** ਸਕੂਲ ਮੈਨੇਜਮੈਂਟ ਕਮੇਟੀ ਆਪਸੀ ਮਤਾ ਪਾ ਕੇ ਕਿਸੇ ਵੀ ਅਯੋਗ ਮੈਂਬਰ ਨੂੰ ਬਦਲ ਸਕਦੀ ਹੈ ਪਰ ਇਹ ਬਦਲੀ ਜ਼ਿ.ਸਿ.ਅ (ਸੈ.ਸਿ) ਦੀ ਪ੍ਰਵਾਨਗੀ ਨਾਲ ਹੀ ਕੀਤੀ ਜਾਵੇਗੀ।

**2.13)** ਜੇਕਰ ਕਮੇਟੀ ਦਾ ਕੋਈ ਮੈਂਬਰ ਲਗਾਤਾਰ ਤਿੰਨ ਮੀਟਿੰਗਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਦੀ ਮੈਂਬਰਸ਼ਿਪ ਖਤਮ ਕਰਕੇ ਉਸ ਦੀ ਥਾਂ ਤੇ ਨਵਾਂ ਮੈਂਬਰ ਨਾਮਜ਼ਦ ਕੀਤਾ ਜਾਵੇਗਾ।

**2.14)** ਸਕੂਲ ਮੈਨੇਜਮੈਂਟ ਕਮੇਟੀ ਦੇ ਕਿਸੇ ਵੀ ਮੈਂਬਰ ਦੀ ਅਸਾਮੀ ਤਿੰਨ ਮਹੀਨੇ ਤੋਂ ਵੱਧ ਕਦੇ ਵੀ ਖਾਲੀ ਨਹੀ ਰਹੇਗੀ।

**2.15)** ਸਕੂਲ ਮੈਨੇਜਮੈਂਟ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਣਾ ਜ਼ਰੂਰੀ ਹੋਵੇਗਾ। ਲੋੜ ਪੈਣ ਤੇ ਇੱਕ ਤੋਂ ਵੱਧ ਮੀਟਿੰਗ ਵੀ ਕੀਤੀ ਜਾ ਸਕਦੀ ਹੈ। ਇਹ ਮੀਟਿੰਗ ਪਹਿਲਾਂ ਤੋਂ ਨਿਸ਼ਚਿਤ ਕੀਤੀ ਮਿਤੀ ਅਤੇ ਸਮੇਂ ਤੇ ਸਕੂਲ ਵਿੱਚ ਕੀਤੀ ਜਾਵੇਗੀ।

**2.16)** ਮੀਟਿੰਗ ਦਾ ਨੋਟਿਸ ਮੈਂਬਰ ਸਕੱਤਰ ਵੱਲੋਂ ਜਾਰੀ ਕੀਤਾ ਜਾਵੇਗਾ।

**2.17)** ਸਕੂਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਲਈ 1/3 ਮੈਂਬਰਾਂ ਦਾ ਕੋਰਮ (quorum) ਹੋਣਾ ਜ਼ਰੂਰੀ ਹੈ। ਪਰ ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਮੈਂਬਰ ਦੀ ਨਾਮੌਜੂਦਗੀ ਵਜੋਂ ਸਕੂਲ ਮੈਂਨੇਜਮੈਂਟ ਕਮੇਟੀ ਦੀ ਮੀਟਿੰਗ ਜਾਂ ਕਿਸੇ ਵੀ ਕੰਮ ਵਿੱਚ ਰੁਕਾਵਟ ਨਹੀਂ ਆਵੇਗੀ।

**2.18)** ਸਕੂਲ ਮੈਨੇਜਮੈਂਟ ਕਮੇਟੀ ਨੂੰ ਸਕੂਲ ਦੇ ਹਿੱਤ ਲਈ ਹਰ ਉਚਿਤ ਫੈਸਲਾ ਲੈਣ ਦਾ ਪੂਰਾ-ਪੂਰਾ ਅਧਿਕਾਰ ਹੋਵੇਗਾ।

**2.19)** ਸਕੂਲ ਮੈਨੇਜਮੈਂਟ ਕਮੇਟੀ ਆਪਣੇ ਹਰ ਫੈਸਲੇ ਜਾਂ ਭਵਿੱਖੀ ਕਾਰਜ ਲਈ ਮਤਾ ਪਾਸ ਕਰੇਗੀ। ਹਰ ਮਤੇ ਤੇ ਭਾਗ ਲੈਣ ਵਾਲੇ ਮੈਂਬਰਾਂ ਦੇ ਹਸਤਾਖ਼ਰ ਹੋਣਗੇ।

**2.20)** ਮੀਟਿੰਗ ਦੀ ਕਾਰਵਾਈ ਅਤੇ ਪਾਸ ਕੀਤੇ ਮਤੇ ਨੂੰ ਸਕੂਲ ਰਜਿਸਟਰ ਵਿੱਚ ਦਰਜ ਕਰਨ ਦੀ ਜ਼ਿੰਮੇਵਾਰੀ ਮੈਂਬਰ ਸਕੱਤਰ ਦੀ ਹੋਵੇਗੀ।

**3.0** ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਬੇਨਤੀ ਹੈ ਕਿ ਉਹ ਕਿਰਪਾ ਕਰਕੇ ਇਹ ਯਕੀਨੀ ਬਣਾਉਣ ਕਿ ਹਰੇਕ ਸਰਕਾਰੀ ਹਾਈ/ ਸੈਕੰਡਰੀ ਸਕੂਲ ਦੀ 'ਸਕੂਲ ਮੈਨੇਜਮੈਂਟ ਕਮੇਟੀ' ਦੀ ਬਣਤਰ ਦਾ ਕੰਮ ਮਿਤੀ 15.02.2010 ਤੱਕ ਹਰ ਹਾਲਤ ਵਿੱਚ ਪੂਰਾ ਹੋ ਜਾਵੇ। ਹਰ ਕਮੇਟੀ ਦੀ ਪਹਿਲੀ ਮੀਟਿੰਗ 21.02.2010 ਤੱਕ ਕਰਕੇ ਸਮੂਹ ਮੈਂਬਰਾਂ ਨੂੰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਰ.ਐਮ.ਐਸ.ਏ.) ਸਕੀਮ ਦੇ ਉਦੇਸ਼ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾ ਦਿੱਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ,**
**ਆਰ.ਐਮ.ਐਸ.ਏ, ਪੰਜਾਬ**